**ਪ੍ਰਧਾਨ ਮੰਤਰੀ ਦਾ ਕੁਵੈਤ ਦੌਰਾ (21-22 ਦਸੰਬਰ, 2024)**

18 ਦਸੰਬਰ, 2024

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 21-22 ਦਸੰਬਰ, 2024 ਨੂੰ ਕੁਵੈਤ ਰਾਜ ਦੇ ਅਮੀਰ ਸ਼ੇਖ ਮੇਸ਼ਲ ਅਲ-ਅਹਿਮਦ ਅਲ-ਜਾਬਰ ਅਲ-ਸਬਾਹ ਦੇ ਸੱਦੇ 'ਤੇ ਕੁਵੈਤ ਦਾ ਦੌਰਾ ਕਰਨਗੇ। ਇਹ 43 ਸਾਲਾਂ ਵਿੱਚ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਕੁਵੈਤ ਦੀ ਪਹਿਲੀ ਯਾਤਰਾ ਹੋਵੇਗੀ।

2. ਇਸ ਦੌਰੇ ਦੇ ਦੌਰਾਨ, ਪ੍ਰਧਾਨ ਮੰਤਰੀ ਕੁਵੈਤ ਦੀ ਲੀਡਰਸ਼ਿਪ ਨਾਲ ਵਿਚਾਰ-ਵਟਾਂਦਰਾ ਕਰਨਗੇ। ਪ੍ਰਧਾਨ ਮੰਤਰੀ ਕੁਵੈਤ ਵਿੱਚ ਭਾਰਤੀ ਸਮੁਦਾਇ ਨਾਲ ਵੀ ਗੱਲਬਾਤ ਕਰਨਗੇ।

3. ਭਾਰਤ ਅਤੇ ਕੁਵੈਤ ਪਰੰਪਰਾਗਤ ਤੌਰ 'ਤੇ ਗੂੜ੍ਹੇ ਅਤੇ ਮਿੱਤਰਤਾ ਵਾਲੇ ਸਬੰਧਾਂ ਨੂੰ ਸਾਂਝਾ ਕਰਦੇ ਹਨ, ਜਿਸ ਦੀਆਂ ਜੜ੍ਹਾਂ ਇਤਿਹਾਸ ਵਿੱਚ ਹਨ ਅਤੇ ਆਰਥਿਕ ਅਤੇ ਲੋਕਾਂ ਵਿਚਕਾਰ ਦੇ ਮਜ਼ਬੂਤ ਆਪਸੀ ਰਿਸ਼ਤੇ ਇਸਦਾ ਆਧਾਰ ਬਣਾਉਂਦੇ ਹਨ। ਭਾਰਤ ਕੁਵੈਤ ਦੇ ਪ੍ਰਮੁੱਖ ਵਪਾਰਕ ਭਾਈਵਾਲਾਂ ਵਿੱਚੋਂ ਇੱਕ ਹੈ। ਭਾਰਤੀ ਸਮੁਦਾਇ ਕੁਵੈਤ ਵਿੱਚ ਸਭ ਤੋਂ ਵੱਡਾ ਪ੍ਰਵਾਸੀ ਸਮੁਦਾਇ ਹੈ।

4. ਇਹ ਦੌਰਾ ਭਾਰਤ ਅਤੇ ਕੁਵੈਤ ਵਿਚਕਾਰ ਬਹੁਪੱਖੀ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਮੌਕਾ ਪ੍ਰਦਾਨ ਕਰੇਗਾ।

**ਨਵੀਂ ਦਿੱਲੀ**

**18 ਦਸੰਬਰ, 2024**